ਤੁਹਾਡੀ ਸੜਕ ‘ਤੇ ਰੁੱਖ ਲਗਾਉਣਾ

ਵੈਨਕੂਵਰ ਅਗਲੇ ਦੋ ਪੌਦੇ ਲਗਾਉਣ ਦੇ ਸੀਜ਼ਨਾਂ ਵਿੱਚ **3,000 ਤੋਂ ਵੱਧ ਸੜਕੀ ਰੁੱਖ** ਲਗਾ ਰਿਹਾ ਹੈ। Lee’s Trees Ltd. ਨੂੰ ਤੁਹਾਡੀ ਸੜਕ ਵਰਗੀਆਂ ਸੜਕਾਂ ‘ਤੇ ਰੁੱਖ ਲਗਾਉਣ ਦਾ ਠੇਕਾ ਦਿੱਤਾ ਗਿਆ ਹੈ।



ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਅਮਲੇ ਦੁਆਰਾ ਕੰਮ ਸ਼ੁਰੂ ਕਰਨ ਤੋਂ **ਇੱਕ ਦਿਨ ਪਹਿਲਾਂ** ਰੁੱਖ ਲਗਾਉਣ ਵਾਲੇ ਸਥਾਨਾਂ ਦੇ ਕੋਲ **‘No Parking’ (ਪਾਰਕਿੰਗ ਦੀ ਮਨਾਹੀ) ਦੇ ਚਿੰਨ੍ਹ** ਲਗਾਏ ਜਾਣਗੇ ਅਤੇ ਉਹ ਰੁੱਖ ਲਗਾਉਣ ਦਾ ਕੰਮ ਪੂਰਾ ਹੋਣ ਤੱਕ ਉੱਥੇ ਹੀ ਰਹਿਣਗੇ। ਕਿਰਪਾ ਕਰਕੇ ਉਨ੍ਹਾਂ ਦੀ ਪਾਲਣਾ ਕਰੋ: ਕੰਮ ਵਿੱਚ ਰੁਕਾਵਟ ਪਾਉਣ ਵਾਲੇ ਵਾਹਨਾਂ ਨੂੰ ਟੋਅ ਕਰਕੇ ਨੇੜਲੇ ਸਥਾਨ ‘ਤੇ ਲਿਜਾਇਆ ਜਾਵੇਗਾ।

ਨਵੰਬਰ 2026 - ਦਸੰਬਰ 2027
ਰੁੱਖ ਲਗਾਉਣ ਦੀ ਮਿਆਦ

ਲਗਭਗ 2 ਦਿਨ
ਆਮ ਤੌਰ ‘ਤੇ ਹਰ ਸਥਾਨ ‘ਤੇ ਇੱਕ ਰੁੱਖ ਲਗਾਉਣ ਲਈ ਲੱਗਣ ਵਾਲਾ ਸਮਾਂ

2-ਸਾਲ ਦੀ ਵਾਰੰਟੀ
ਇਸ ਵਿੱਚ ਗਰਮੀਆਂ ਵਿੱਚ ਪਾਣੀ ਦੇਣਾ ਸ਼ਾਮਲ ਹੈ

ਹੋਰ ਕੀ ਜਾਣਨ ਦੀ ਲੋੜ ਹੈ

- ਅਸਥਾਈ ਪ੍ਰਭਾਵਾਂ ਵਿੱਚ **ਅਮਲੇ ਦੇ ਵਾਹਨ, ਉਪਕਰਣ ਅਤੇ ਥੋੜ੍ਹੇ ਸਮੇਂ ਲਈ ਪਾਰਕਿੰਗ ਪਾਬੰਦੀਆਂ** ਸ਼ਾਮਲ ਹਨ।
- ਰੁੱਖ ਲਗਾਉਣ ਤੋਂ ਬਾਅਦ ਅਮਲਾ **ਬੁਲੇਵਾਰਡ (ਸੜਕ ਅਤੇ ਫੁੱਟਪਾਥ ਵਿਚਕਾਰਲੀ ਹਰਿਆਲੀ ਵਾਲੀ ਪੱਟੀ) ਨੂੰ ਮੁੜ ਪਹਿਲੀ ਹਾਲਤ ਵਿੱਚ ਲਿਆਏਗਾ।**
- ਰੁੱਖ ਲਗਾਉਣ ਵਾਲੇ ਖੇਤਰਾਂ ਨੂੰ ਆਮ ਤੌਰ ‘ਤੇ **ਸੜਕ ਦੇ ਕਿਨਾਰੇ ‘ਤੇ ਚਿੱਟੇ “T”** ਨਾਲ ਚਿੰਨ੍ਹਿਤ ਕੀਤਾ ਜਾਂਦਾ ਹੈ।
- ਕਿਰਪਾ ਕਰਕੇ ਰੁੱਖ ਲਗਾਉਣ ਵਾਲੇ ਖੇਤਰ ਵਿੱਚ ਬੁਲੇਵਾਰਡ ਤੋਂ ਨਿੱਜੀ ਚੀਜ਼ਾਂ, ਜਿਵੇਂ ਕਿ ਸਜਾਵਟਾਂ ਜਾਂ ਲੈਂਡਸਕੇਪਿੰਗ, ਨੂੰ ਹਟਾ ਦਿਓ।

ਕੋਈ ਸਵਾਲ ਜਾਂ ਚਿੰਤਾ ਹੈ? **3-1-1 ‘ਤੇ ਕਾਲ ਕਰੋ | Van311 app**

ਸ਼ਹਿਰੀ ਜੰਗਲ ਨੂੰ ਹੋਰ ਮਜ਼ਬੂਤ ਅਤੇ ਲਚਕੀਲਾ ਬਣਾਉਣਾ

ਅਸੀਂ ਸ਼ਹਿਰੀ ਰੁੱਖਾਂ ਦੀ ਛੱਤਰੀ (Urban Canopy) ਦਾ ਵਿਸਥਾਰ ਕਰਨ ਅਤੇ ਇਸ ਵਿੱਚ ਵਿਭਿੰਨਤਾ ਲਿਆਉਣ ਲਈ ਕੰਮ ਕਰ ਰਹੇ ਹਾਂ, ਤਾਂ ਜੋ ਸ਼ਹਿਰੀ ਜੰਗਲ ਰਣਨੀਤੀ (Urban Forest Strategy) ਦੇ ਉਦੇਸ਼ਾਂ ਨੂੰ ਅੱਗੇ ਵਧਾਇਆ ਜਾ ਸਕੇ। ਇਸ ਤਹਿਤ, ਉਨ੍ਹਾਂ ਆਂਢ-ਗੁਆਂਢਾਂ ਵਿੱਚ ਸੜਕਾਂ ਦੇ ਕਿਨਾਰੇ ਰੁੱਖ ਲਗਾਉਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿੱਥੇ ਸ਼ਹਿਰੀ ਜੰਗਲ ਦਾ ਘੇਰਾ ਔਸਤ ਨਾਲੋਂ ਘੱਟ ਹੈ।

ਰੁੱਖਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ

ਵੱਖ-ਵੱਖ ਕਿਸਮਾਂ ਦੇ ਰੁੱਖ ਇੱਕ ਲਚਕੀਲੇ ਸ਼ਹਿਰੀ ਜੰਗਲ ਦਾ ਸਮਰਥਨ ਕਰਦੇ ਹਨ, ਜਿਨ੍ਹਾਂ ਨੂੰ ਇਸ ਅਧਾਰ 'ਤੇ ਚੁਣਿਆ ਜਾਂਦਾ ਹੈ:

- ਜਲਵਾਯੂ ਪਰਿਵਰਤਨ, ਜਿਵੇਂ ਕਿ ਲੰਬੇ ਸਮੇਂ ਪੈਣ ਵਾਲਾ ਸੋਕਾ, ਸਹਿਣ ਦੀ ਸਮਰੱਥਾ।
- ਟਾਹਣੀਆਂ ਦੇ ਉੱਪਰ ਵੱਲ ਅਤੇ ਜੜ੍ਹਾਂ ਦੇ ਜ਼ਮੀਨ ਹੇਠਾਂ ਵੱਲ ਵਧਣ ਲਈ ਢੁਕਵੀਂ ਥਾਂ।
- ਸੁੰਦਰਤਾ ਅਤੇ ਨੇੜਲੇ ਰੁੱਖਾਂ ਨਾਲ ਅਨੁਕੂਲਤਾ
- ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ
- ਸਥਾਨਕ ਨਰਸਰੀਆਂ ਤੋਂ ਉਪਲਬਧਤਾ



ਤੁਸੀਂ ਕਿਵੇਂ ਮਦਦ ਕਰ ਸਕਦੇ ਹ

ਛੋਟੇ ਰੁੱਖਾਂ ਨੂੰ ਸਥਾਪਤ ਹੋਣ ਲਈ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ। ਦੋ ਸਾਲਾਂ ਦੀ ਵਾਰੰਟੀ ਅਤੇ ਪਾਣੀ ਦੇਣ ਦੀ ਮਿਆਦ ਪੂਰੀ ਹੋਣ ਤੋਂ ਬਾਅਦ, ਤੁਸੀਂ **ਖੁਸ਼ਕ ਮੌਸਮ ਦੌਰਾਨ ਨਵੇਂ ਲਗਾਏ ਗਏ ਰੁੱਖਾਂ ਨੂੰ ਪਾਣੀ ਦੇ ਕੇ** ਜਾਂ ਆਪਣੇ ਆਂਢ-ਗੁਆਂਢ ਵਿੱਚ **ਕਿਸੇ ਇੱਕ ਰੁੱਖ ਦੀ ਦੇਖਭਾਲ ਦੀ ਜ਼ਿੰਮੇਵਾਰੀ ਲੈ ਕੇ** ਮਦਦ ਕਰ ਸਕਦੇ ਹੋ।

ਅੱਜ ਹੀ ਕਿਸੇ ਰੁੱਖ ਦੀ ਦੇਖਭਾਲ ਦੀ

ਜ਼ਿੰਮੇਵਾਰੀ ਲਓ: vancouver.ca/adopt-a-tree



GREEN MUNICIPAL FUND
FONDS MUNICIPAL VERT
A program of Un programme de la FCM
Funded by Financé par Canada

ਹੋਰ ਜਾਣੋ:
vancouver.ca/street-tree-canopy-expansion

ਇਸ ਪ੍ਰੋਜੈਕਟ ਲਈ ਫੰਡਿੰਗ ਕੈਨੇਡਾ ਸਰਕਾਰ ਵੱਲੋਂ, ਫੈਡਰੇਸ਼ਨ ਆਫ ਕੈਨੇਡੀਅਨ ਮਿਉਂਸਪੈਲਿਟੀਜ਼ ਦੇ ਗ੍ਰੀਨ ਮਿਉਂਸਪਲ ਫੰਡ (ਗ੍ਰੋਇੰਗ ਕੈਨੇਡਾਜ਼ ਕਮਿਊਨਿਟੀ ਕੈਨੋਪੀਜ਼) ਰਾਹੀਂ, ਅਤੇ ਵੈਨਕੂਵਰ ਸ਼ਹਿਰ ਵੱਲੋਂ ਪ੍ਰਦਾਨ ਕੀਤੀ ਗਈ ਹੈ।

VANCOUVER BOARD OF PARKS AND RECREATION